ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ ਪੰਜਾਬ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ,ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਪੰਜਾਬ।

ਮੀਮੋ ਨੰ: ਸਿਵਲ ਵਰਕਸ/
ਮਿਤੀ,ਚੰਡੀਗੜ੍ਹ

ਵਿਸ਼ਾ: ਅਪੱਰ ਪ੍ਰਾਇਮਰੀ ਸਕੂਲਾਂ ਵਿੱਚ ਫਰਨੀਚਰ ਦੀ ਲੋੜ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਮਹੀਨਾਵਾਰ ਮੀਟਿੰਗ ਵਿੱਚ ਹੋਈ ਗੱਲਬਾਤ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਵੱਖ ਵੱਖ ਸਮੇਂ ਤੇ ਹੋਈਆਂ ਮਹੀਨਾਵਾਰ ਮੀਟਿੰਗਾਂ ਅਤੇ ਜ਼ਿਲ੍ਹਿਆਂ ਦੇ ਦੌਰੇ ਦੇ ਵੇਲੇ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਪੰਜਾਬ ਰਾਜ ਵਿੱਚ ਸਰਕਾਰੀ ਸਕੂਲਾਂ ਵਿੱਚ ਆਮ ਤੌਰ ਤੇ ਫਰਨੀਚਰ ਦੀ ਬੜੀ ਘਾਟ ਹੈ । ਬਹੁਤ ਸਾਰੇ ਮਾਂ/ਬਾਪ ਸਰਕਾਰੀ ਸਕੂਲਾਂ ਵਿੱਚ ਫਰਨੀਚਰ ਦੀ ਘਾਟ ਜਾਂ ਦੂਜੀਆਂ ਸਹੂਲਤਾਂ ਨਾ ਹੋਣ ਦੀ ਵਜ੍ਹਾ ਕਰਕੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀ ਥਾਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨ ਲਈ ਭੇਜਦੇ ਹਨ । ਇਸ ਸਾਰੇ ਮਾਮਲੇ ਨੂੰ ਵਿਚਾਰਨ ਤੇ ਇਹ ਫੈਸਲਾ ਕੀਤਾ ਗਿਆ ਪਹਿਲਾਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਫਰਨੀਚਰ ਦੀ ਲੋੜ ਅਤੇ ਮੌਕੇ ਤੇ ਮੌਜੂਦ ਫਰਨੀਚਰ ਦੀ ਵਿਸਥਾਰ ਪੂਰਵਕ ਜਾਣਕਾਰੀ ਮੰਗ ਲਈ ਜਾਵੇ ।

3.0 ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਛੇਵੀਂ, ਸੱਤਵੀਂ ਅਤੇ ਅਠੱਵੀਂ ਕਲਾਸ ਦੇ ਵਿਦਿਆਰਥੀਆਂ ਲਈ ਜਿੰਨੇ ਫਰਨੀਚਰ ਦੀ ਲੋੜ ਹੋਵੇ ਹੇਠ ਲਿਖਤ ਪ੍ਰੋਫ਼ਾਰਮੇ ਵਿੱਚ ਸੂਚਨਾ ਭੇਜੀ ਜਾਵੇ ਤਾਂ ਜੋ ਗਰਾਂਟ ਐਸ.ਐਸ.ਏ ਪ੍ਰੋਗਰਾਮ ਦੇ ਤਹਿਤ ਦੇਣ ਹਿੱਤ ਵਿਚਾਰ ਕੀਤਾ ਜਾ ਸਕੇ ।

| ਲੜੀ ਨੰ: | ਬਲਾਕ | ਮਿਡਲ ਸਕੂਲ ਦਾ ਨਾਮ ਜਿਥੇ ਫਰਨੀਚਰ ਦੀ ਲੋੜ ਹੈ | ਬੱਚਿਆਂ ਦੀ ਕਲਾਸਵਾਰ ਗਿਣਤੀ | | | | ਫਰਨੀਚਰ(ਬੈਂਚਾਂ ਦੀ ਗਿਣਤੀ) | | ਵਿਸ਼ੇਸ਼ ਕਥਨ |
|---|---|---|---|---|---|---|---|---|---|
| | | | ਛੇਵੀਂ | ਸੱਤਵੀਂ | ਅੱਠਵੀਂ | ਜੋੜ | ਮੌਜੂਦਾ | ਹੋਰ ਲੋੜ | |
| | | | | | | | | | |

4.0 ਇਸ ਤੋਂ ਇਲਾਵਾ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਵਾਧੂ ਫਰਨੀਚਰ ਮੌਜੂਦ ਹੈ। ਜਦੋਂ ਕਿ ਕਈ ਸਕੂਲਾਂ ਵਿੱਚ ਫਰਨੀਚਰ ਪਹਿਲਾਂ ਹੀ ਨਹੀਂ ਹੈ । ਜ਼ਿਲ੍ਹਾ ਸਿੱਖਿਆ ਅਫਸਰਜ਼(ਸੈ.ਸਿ) ਨੂੰ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਉਹ ਆਪਣੇ ਜ਼ਿਲ੍ਹੇ ਵਿੱਚ ਵੱਖ ਵੱਖ ਹਾਈ ਸਕੂਲਾਂ/ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਇਸ ਤਰ੍ਹਾਂ ਦੇ ਮੌਜੂਦ ਵਾਧੂ ਫਰਨੀਚਰ ਦੀ ਵੰਡ ਸਹੀ ਤਰੀਕੇ ਨਾਲ ਕਰਨ ਤਾਂ ਜੋ ਵਾਧੂ ਪਏ ਫਰਨੀਚਰ ਦੀ ਯੋਗ ਵਰਤੋਂ ਕੀਤੀ ਜਾ ਸਕੇ । ਜਿਥੇ ਕਿਤੇ ਫਰਨੀਚਰ ਨੂੰ ਮੁਰੰਮਤ ਕਰਵਾਉਣ ਦੀ ਲੋੜ ਹੋਵੇ ਉਸ ਦੇ ਬਾਰੇ ਵੀ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਰਿਪੋਰਟ ਕੀਤੀ ਜਾਵੇ ।

ਡੀ.ਜੀ.ਐਸ.ਈ/~~ਐਸ.ਪੀ.ਡੀ~~(ਐਸ.ਐਸ.ਏ)

ਪਿੱਠ ਅੰਕਣ ਨੰ: Co/ 45309-328 ਮਿਤੀ,ਚੰਡੀਗੜ੍ਹ 6/7/10

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਇਸ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡੀ.ਜੀ.ਐਸ.ਈ/~~ਐਸ.ਪੀ.ਡੀ~~(ਐਸ.ਐਸ.ਏ)